# ਗੁਰਬਾਣੀ ਅੱਖਾਂ ਮੀਟਣ ਲਈ ਸਿਖਿਆ ਨਹੀਂ ਦਿੰਦੀ

## Gurmat does not teach for closing the eyes

ਦਰਸਨੁ, ਵੇਖਣਾਂ, ਅੱਖਾਂ ਖੋਲਣੀਆਂ, ਅੱਖਾ ਬੰਦ ਕਰਨਾ, ਸਮਾਧੀ

ਕੀ ਹੇਠ ਲਿਖੇ ਸਬਦ ਗੁਰਬਾਣੀ ਨੂੰ ਪੜ੍ਹਨ, ਸੁਣਨ, ਸਮਝਣ ਤੇ ਵੀਚਾਰਨ ਸਮੇਂ ਅੱਖਾਂ ਮੀਟਣ ਲਈ ਕਹਿੰਦੇ ਹਨ ਜਾਂ ਅੱਖਾਂ ਖੋਲਣ ਲਈ ?

ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥ (੬੬੨-੬੬੩)

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥ ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ੩ ॥ (੭੩੪)

ਤ੍ਵ ਪ੍ਰਸਾਦਿ ਸਵੱਯੇ ॥ ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰੋਹਓ ਬਕ ਧਿਆਨ ਲਗਾਇਓ ॥ ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ ॥ ਬਾਸ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ ॥ ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥

ਪੂਛਤ ਪਥਕਿ, ਤਿਹ ਮਾਰਗ ਨ ਧਾਰੈ ਪਗਿ॥ ਪ੍ਰੀਤਮ ਕੈ ਦੇਸ, ਕੈਸੇ ਬਾਤਨੁ ਕੇ ਜਾਈਐ ॥ ਪੂਛਤ ਹੈ ਬੈਦ, ਖਾਤ ਅਉਖਦ ਨ ਸੰਜਮ ਸੈ, ਕੈਸੇ ਮਿਟੈ ਰੋਗ, ਸੁਖ ਸਹਜ ਸਮਾਈਐ ॥ ਪੂਛਤ ਸੁਹਾਗਨ, ਕਰਮ ਹੈ ਦੁਹਾਗਨਿ ਕੈ, ਰਿਦੈ ਬਿਬਿਚਾਰ, ਕਤ ਸਿਹਜਾ ਬੁਲਾਈਐ ॥ ਗਾਏ ਸੁਨੇ ਆਂਖੇ ਮੀਚੈ, ਪਾਈਐ ਨ ਪਰਮਪਦੁ॥ ਗੁਰ ਉਪਦੇਸੁ, ਗਹਿ ਜਉ ਲਉ, ਨ ਕਮਾਈਐ ॥੪੩੯॥ (ਕਬਿਤ ਭਾਈ ਗੁਰਦਾਸ ਜੀ)

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥ (੯੨੨)

ਸੂਹੀ ਮਹਲਾ ੫ ॥ ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥ ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ ਰਹਾਉ ॥ ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥ ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥੩॥ ਨਾਨਕੁ ਏਕ ਕਰੈ ਅਰਦਾਸਿ ॥ ਵਿਸਰੁ ਨਾਹੀ ਪੂਰਨ ਗੁਣਤਾਸਿ ॥੪॥੧੮॥੨੪॥ (੭੪੨)

ਗੁਰੂ ਸਾਹਿਬ ਤਾਂ ਸਾਨੂੰ ਅੱਖਾਂ ਖੋਲ ਕੇ ਗੁਰਬਾਣੀ ਸੁਣਨ, ਸਮਝਣ ਤੇ ਵੀਚਾਰਨ ਲਈ ਸਿਖਿਆ ਦਿੰਦੇ ਹਨ, ਪਰੰਤੂ ਅਸੀਂ ਦੂਸਰਿਆਂ ਦੇ ਭੰਬਲ ਭੂਸਿਆਂ ਵਿਚ ਫਸ ਕੇ ਤੇ ਅੱਖਾਂ ਮੀਟ ਕੇ ਅਗਿਆਨਤਾ ਵਲ ਜਾ ਰਹੇ ਹਾਂ